ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ) 0172-5212569

ਵੱਲ

1. ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ)/(ਐ.ਸਿੱ), ਪੰਜਾਬ
2. ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ/ਮਿਡਲ/ਹਾਈ/ਸੀ.ਸੈਕੰ. ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2016/ਪ੍ਰ353

ਮਿਤੀ: 22-03-16

ਵਿਸ਼ਾ:- ਪੰਜਾਬ ਸਰਕਾਰ ਪ੍ਰਮਾਣ ਪੱਤਰ-2016(15 ਅਗਸਤ,2016- ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।

1. ਉਕਤ ਵਿਸ਼ੇ ਸੰਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਆਮ ਰਾਜ ਪ੍ਰਬੰਧ ਵਿਭਾਗ(ਰਾਜਨੀਤੀ-1 ਸਾਖਾ) ਦੇ ਪੱਤਰ ਨੂੰ 4/3/2016-4 ਰਾਜ-1/3457 ਵੱਲ ਧਿਆਨ ਦਿਵਾਉਂਦੇ ਲਿਖਿਆ ਹੈ ਕਿ ਜਿਵੇਂ ਕਿ ਹਰ ਸਾਲ 15 ਅਗਸਤ ਸੁਤੰਤਰਤਾ ਦਿਵਸ ਦੇ ਮੌਕੇ ਤੇ ਰਾਜ ਪੱਧਰ ਦੇ ਸਮਾਗਮ ਵਿਖੇ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਵੱਲੋਂ ਵਿਸ਼ੇਸ ਖੇਤਰਾਂ ਵਿੱਚ ਉਪਲਬਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਬਹਾਦਰੀ ਵਿਖਾਈ ਜਾਂਦੀ ਹੈ, ਨੂੰ ਪੰਜਾਬ ਸਰਕਾਰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ।ਇਹ ਪ੍ਰਮਾਣ ਪੱਤਰ(ੳ) ਅੱਤਵਾਦੀਆਂ,ਦਹਿਸ਼ਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਅਤੇ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ ਬਹਾਦਰੀ ਵੱਜੋਂ(ਅ) ਸਮਾਜ ਸੇਵਾ (ੲ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ਸ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕਰਨ ਵੱਜੋਂ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਲਈ ਪੰਜਾਬ ਸਰਕਾਰ ਦੁਆਰਾ ਸਿਫਾਰਸ਼ਾ ਮੰਗੀਆਂ ਜਾਂਦੀਆਂ ਹਨ।

2. ਇਸ ਸੰਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਅਧੀਨ ਕੰਮ ਕਰਦੇ ਮੁਲਾਜ਼ਮਾਂ/ਅਧਿਆਪਕਾਂ ਜਾਂ ਵਿਦਿਆਰਥੀਆਂ ਵੱਲੋਂ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕੀਤੀਆਂ ਹਨ ਤਾਂ ਨੱਥੀ ਪੱਤਰ ਮੁਤਾਬਕ ਆਪਣੀਆਂ ਸਿਫ਼ਾਰਸ਼ਾਂ ਸੰਬੰਧਤ ਡਿਪਟੀ ਕਮਿਸਨਰਜ਼ ਰਾਹੀਂ ਡਵੀਜਨਲ ਕਮਿਸ਼ਨਰਜ ਨੂੰ ਭੇਜੀਆਂ ਜਾਣ ਤਾਂ ਜੋ ਡਵੀਜਨਲ ਕਮਿਸ਼ਨਰਜ ਵੱਲੋਂ ਸਿੱਧੇ ਤੌਰ 'ਤੇ ਇਹ ਸੂਚਨਾ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ ) ਨੂੰ ਸਮੇਂ ਸਿਰ ਭੇਜੀ ਜਾ ਸਕੇ।

ਡਿਪਟੀ-ਸਟੇਟ ਪ੍ਰੋਜੈਕਟ ਡਾਇਰੈਕਟਰ
ਸ/ਦ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਪਿੱਠ ਅੰਕਣ ਨੰ: ਏ.ਐਸ.ਪੀ.ਡੀ./ਰਮਸਅ/2016/ ਪ੍ਰ353 ਮਿਤੀ 22-03-16

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਡੀ.ਪੀ.ਆਈ(ਐ.ਸਿੱ/ਸੈ.ਸਿੱ) ਪੰਜਾਬ।
2. ਅਧੀਨ ਸਕੱਤਰ ,ਪ੍ਰੋਟੋਕੋਲ (ਆਮ ਰਾਜ ਪ੍ਰਬੰਧਕ ਵਿਭਾਗ (ਰਾਜਨੀਤੀ -1 ਸ਼ਾਖਾ)
3. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।

ਡਿਪਟੀ-ਸਟੇਟ ਪ੍ਰੋਜੈਕਟ ਡਾਇਰੈਕਟਰ
ਸ/ਦ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਨੰ:4/3/2016-4 ਰਾਜ-1/3157

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤੀ-1 ਸਾਖਾ)

**ਮਿਤੀ-ਬੱਧ**
**ਅਤਿ ਜ਼ਰੂਰੀ**

ਮਿਤੀ, ਚੰਡੀਗੜ੍ਹ 11/3/16

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਵੀਜਨਾਂ ਦੇ ਕਮਿਸ਼ਨਰਜ,
2. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ,
3. ਸਕੱਤਰ, ਪੰਜਾਬ ਵਿਧਾਨ ਸਭਾ।

ਵਿਸ਼ਾ:- ਪੰਜਾਬ ਸਰਕਾਰ ਪ੍ਰਮਾਣ ਪੱਤਰ - 2016 (15 ਅਗਸਤ, 2016 - ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 4/6/98-4ਰਾਜ-1/1221, ਮਿਤੀ 4.2.99, ਪੱਤਰ ਨੰ: 4/1/2001-4ਰਾਜ-1/9123, ਮਿਤੀ 4.7.2001, ਪੱਤਰ ਨੰ: 4/1/2004- 4ਰਾਜ-1/967, ਮਿਤੀ 3.2.2005 ਅਤੇ ਪੱਤਰ ਨੰ: 4/5/12-4ਰਾਜ-1/9674, ਮਿਤੀ 18.7.2012 ਵੱਲ ਦਿਵਾਉਂਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜਿਵੇਂ ਕਿ ਹਰ ਸਾਲ 15 ਅਗਸਤ-ਸੁਤੰਤਰਤਾ ਦਿਵਸ ਦੇ ਮੌਕੇ ਤੇ ਰਾਜ ਪੱਧਰ ਦੇ ਸਮਾਗਮ ਵਿਖੇ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਵੱਲੋਂ ਵਿਸ਼ੇਸ਼ ਖੇਤਰਾਂ ਵਿੱਚ ਉਪਲਬੱਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਬਹਾਦਰੀ ਵਿਖਾਈ ਜਾਂਦੀ ਹੈ, ਨੂੰ ਪੰਜਾਬ ਸਰਕਾਰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਪ੍ਰਮਾਣ ਪੱਤਰ (ੳ) ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਅਤੇ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ਼ ਬਹਾਦਰੀ ਵੱਜੋਂ (ਅ) ਸਮਾਜ ਸੇਵਾ (ੲ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ਸ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕਰਨ ਵੱਜੋਂ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਲਈ ਪੰਜਾਬ ਸਰਕਾਰ ਦੁਆਰਾ ਸਿਫਾਰਸ਼ਾਂ ਮੰਗੀਆਂ ਜਾਂਦੀਆਂ ਹਨ।

2. ਉਪਰੋਕਤ ਦਰਸਾਏ ਵੱਖ-ਵੱਖ ਖੇਤਰਾਂ ਲਈ ਦਿੱਤੇ ਜਾਣ ਵਾਲੇ ਪ੍ਰਮਾਣ ਪੱਤਰਾਂ ਦੀ ਕੁੱਲ ਗਿਣਤੀ ਸਾਰੇ ਰਾਜ ਲਈ 40 ਨਿਸ਼ਚਿਤ ਕੀਤੀ ਗਈ ਹੈ ਅਤੇ ਇਨ੍ਹਾਂ ਵਿਚੋਂ ਪਹਿਲਾਂ ਵਿਸ਼ੇਸ਼ ਤੌਰ ਤੇ ਬਹਾਦਰੀ ਦੇ ਖੇਤਰ ਲਈ ਇਨਾਮਾਂ ਬਾਰੇ ਅਤੇ ਫਿਰ ਦੂਜੇ ਖੇਤਰਾਂ ਵਿੱਚ ਪ੍ਰਾਪਤ ਕੀਤੀਆਂ ਜਾਂਦੀਆਂ ਉਪਲੱਬਧੀਆਂ ਲਈ ਇਨਾਮਾਂ ਬਾਰੇ ਵਿਚਾਰ ਅਤੇ ਫੈਸਲਾ ਕੀਤਾ ਜਾਵੇਗਾ ਪ੍ਰੰਤੂ ਇਨਾਮਾਂ ਦੀ ਕੁਲ ਗਿਣਤੀ 40 ਹੀ ਰਹੇਗੀ। ਹਰੇਕ ਪ੍ਰਮਾਣ ਪੱਤਰ ਦੇ ਨਾਲ ਇੱਕ ਚਾਂਦੀ ਦਾ ਗੋਲਡ ਪਾਲਿਸ਼ਡ ਮੈਡਲ ਅਤੇ ਇੱਕ ਸ਼ਾਲ ਵੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਪ੍ਰਮਾਣ ਪੱਤਰ ਅਵਾਰਡੀਜ ਨੂੰ ਬਹਾਦਰੀ ਦੇ ਖੇਤਰ ਵਿੱਚ ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਬਹਾਦਰੀ ਵਿਖਾਉਣ ਵੱਜੋਂ 50,000/-ਰੁਪਏ (ਪੰਜਾਹ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੋਰ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ਼ ਬਹਾਦਰੀ ਦੇ ਕੇਸ ਵਿੱਚ 25,000/-ਰੁਪਏ (ਪੱਚੀ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਦੂਸਰੇ ਖੇਤਰਾਂ ਵਿੱਚ ਜਿਵੇਂ ਕਿ (ੳ) ਸਮਾਜ ਸੇਵਾ (ਅ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ੲ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤਿਆਂ ਵਿੱਚ ਪ੍ਰਾਪਤ ਕੀਤੀਆਂ ਗਈਆਂ ਵਿਸ਼ੇਸ਼ ਉਪਲਬੱਧੀਆਂ ਦੇ ਇਵਜ ਵਜੋਂ 11,000/-ਰੁਪਏ (ਗਿਆਰਾ ਹਜਾਰ ਰੁਪਏ) ਦੀ ਨਕਦ ਰਾਸ਼ੀ ਇਨਾਮ ਵੱਜੋਂ ਦਿੱਤੀ ਜਾਵੇਗੀ।

3. ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਜ ਆਪਣੀਆਂ ਸਿਫਾਰਸ਼ਾਂ ਆਪਣੀ ਡਵੀਜਨ ਦੇ ਡਵੀਜਨਲ ਕਮਿਸ਼ਨਰਜ ਰਾਹੀਂ ਹੀ ਭੇਜਣਗੇ। ਇਨ੍ਹਾਂ ਸਿਫਾਰਸ਼ਾਂ ਵਿੱਚ ਸਬੰਧਤ ਵਿਅਕਤੀ ਦੀ ਜੀਵਨੀ, ਬਾਇਓ-ਡਾਟਾ ਅਤੇ ਉਸ

....... ਪੰਨਾ 2

O/o DGSE CUM SPD
Sarva Shiksha Abhiyan Authority (Pb.)
Central Dairy
No. 14979 Date 15/3/16

ਵੱਲੋਂ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਉਸ ਦੀਆਂ ਕੁੱਲ 10 ਕਾਪੀਆਂ ਭੇਜੀਆਂ ਜਾਣ। ਇਹ ਸਿਫਾਰਸ਼ਾਂ ਨਾਲ ਨੱਥੀ ਕੀਤੇ ਅਨੁਲੱਗ ਵਿੱਚ ਮੰਗੀ ਗਈ ਸੂਚਨਾ ਅਨੁਸਾਰ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ) ਨੂੰ ਮਿਤੀ 15.5.2016 ਤੱਕ ਭੇਜੀਆਂ ਜਾਣ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪ੍ਰੋਟੋਕੋਲ

ਨੰ: 4/3/2016-4 ਰਾਜ.1/ 3158 ਮਿਤੀ, ਚੰਡੀਗੜ੍ਹ 11/3/16

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀਆਂ ਸਿਫਾਰਸ਼ਾਂ ਜੇਕਰ ਕੋਈ ਹੋਣ ਤਾਂ ਮਿਤੀ 15.5.2016 ਤੱਕ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ :-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
2. ਸਕੱਤਰ/ਨਿੱਜੀ ਸਕੱਤਰ ਸਾਰੇ ਕੈਬਨਿਟ ਮੰਤਰੀ ਅਤੇ ਮੁੱਖ ਪਾਰਲੀਮਾਨੀ ਸਕੱਤਰ ਸਾਹਿਬਾਨ ਪੰਜਾਬ।

ਅਧੀਨ ਸਕੱਤਰ, ਪ੍ਰੋਟੋਕੋਲ

ਨੰ: 4/3/2016-4 ਰਾਜ.1/ 3159 ਮਿਤੀ, ਚੰਡੀਗੜ੍ਹ 11/3/16

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸਾਂ ਸਬੰਧਤ ਪ੍ਰਬੰਧਕੀ ਸਕੱਤਰਾਂ ਰਾਹੀਂ ਸਰਕਾਰ ਨੂੰ ਨਿਸਚਿਤ ਕੀਤੀ ਮਿਤੀ ਤੱਕ ਭੇਜਣ ਦੀ ਖੇਚਲ ਕਰਨ।

ਅਧੀਨ ਸਕੱਤਰ, ਪ੍ਰੋਟੋਕੋਲ

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਾਰੇ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸ਼ਾਂ ਇਸ ਵਿਭਾਗ ਨੂੰ 15.5.2016 ਤੋਂ ਪਹਿਲਾਂ ਭੇਜਣ ਦੀ ਖੇਚਲ ਕਰਨ।

ਅਧੀਨ ਸਕੱਤਰ, ਪ੍ਰੋਟੋਕੋਲ।

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ: 4/3/2016-4 ਰਾਜ. 1/3160 ਮਿਤੀ, ਚੰਡੀਗੜ੍ਹ 11/3/16

<u>ਬਾਇਓਡਾਟਾ</u>

1. ਨਾਮ :
   (ਪੰਜਾਬੀ ਅਤੇ ਅੰਗਰੇਜੀ ਵਿੱਚ)

2. ਪਿਤਾ/ਪਤੀ ਦਾ ਨਾਂ :

3. ਰਿਹਾਇਸ਼ੀ ਪਤਾ :

4. ਫੋਨ/ਮੋਬਾਇਲ ਨੰ:

5. ਜਨਮ ਮਿਤੀ/ਉਮਰ:

6. ਕਿੱਤਾ (ਜੇਕਰ ਸਰਕਾਰੀ ਕਰਮਚਾਰੀ ਹੈ :
   ਤਾਂ ਅਹੁਦਾ ਅਤੇ ਦਫਤਰ ਦਾ ਪਤਾ)

7. ਸਿਫਾਰਸ਼ ਦਾ ਖੇਤਰ :
   (ਬਹਾਦਰੀ, ਸਮਾਜ ਸੇਵਾ, ਕਲਾ, ਪ੍ਰਸਿੱਧ ਕਲਾ,
   ਸਾਹਿਤ, ਵਿਗਿਆਨ, ਤਕਨਾਲੋਜੀ ਅਤੇ ਹੋਰ
   ਪ੍ਰਵੀਨ ਕਿੱਤੇ)

8. ਕੀ ਪਹਿਲਾਂ ਪੰਜਾਬ ਸਰਕਾਰ ਪ੍ਰਮਾਣ ਪੱਤਰ
   ਮਿਲ ਚੁੱਕਾ ਹੈ?

9. ਵਿਸ਼ੇਸ਼ ਕਥਨ :